**File No.DIPR-PRSS0PRS1(356)/556/2020-DPRO Amritsar**

**I/20122/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਲੋੜਵੰਦ ਲੋਕਾਂ ਦੀ ਸਹਾਇਤਾ ਵਿਚ ਲੱਗੇ ਅਧਿਕਾਰੀ ਤੇ ਕਰਮਚਾਰੀ ਪ੍ਰਸੰਸਾ ਦੇ ਹੱਕਦਾਰ-ਸੋਨੀ**

**ਸੋਨੀ ਨੇ 10 ਟਰੱਕ ਅੰਮ੍ਰਿਤਸਰ ਕੇਂਦਰੀ ਹਲਕੇ ਲਈ ਤੋਰੇ**

ਅੰਮ੍ਰਿਤਸਰ, 24 ਅਪ੍ਰੈਲ ( )-

ਜਿੱਥੇ ਪੰਜਾਬ ਸਰਕਾਰ ਨੇ ਕੋਵਿਡ 19 ਵਾਇਰਸ ਤੋਂ ਆਪਣੇ ਰਾਜ ਦੇ ਵਾਸੀਆਂ ਨੂੰ ਬਚਾਉਣ ਲਈ ਕਰਫਿਊ ਲਗਾ ਕੇ ਉਨਾਂ ਨੂੰ ਘਰਾਂ ਵਿਚ ਰੋਕਿਆ ਹੈ , ਉਥੇ ਅਜਿਹੇ ਪਰਿਵਾਰ ਜੋ ਰੋਜ਼ਾਨਾ ਕਿਰਤ ਕਰਕੇ ਆਪਣੀ ਰੋਜ਼ੀ-ਰੋਟੀ ਚਲਾਉਂਦੇ ਸਨ, ਦੇ ਰੋਟੀ-ਪਾਣੀ ਦਾ ਬੰਦੋਬਸਤ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੁਆਰਾ ਕੀਤਾ ਗਿਆ ਹੈ। ਉਕਤ ਸਬਦਾਂ ਦਾ ਪ੍ਰਗਟਾਵਾ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਆਪਣੇ ਵਿਧਾਨ ਸਭਾ ਹਲਕੇ ਲਈ ਸਰਕਾਰ ਦੇ ਸਮਾਜ ਸੇਵੀਆਂ ਵੱਲੋਂ ਆਏ 5 ਟਰੱਕ ਰਾਸ਼ਨ, ਜੋ ਕਿ 1200 ਪਰਿਵਾਰਾਂ ਲਈ ਬਣਾਈਆਂ ਕਿੱਟਾਂ ਨਾਲ ਭਰੇ ਸਨ, ਨੂੰ ਰਵਾਨਾ ਕਰਨ ਮੌਕੇ ਕੀਤਾ। ਉਨਾਂ ਕਿਹਾ ਕਿ ਵਾਇਰਸ ਦੇ ਪਸਾਰ ਨੂੰ ਰੋਕਣ ਲਈ ਸਰਕਾਰ ਕੋਲ ਕਰਫਿਊ ਤੋਂ ਸਿਵਾਏ ਕੋਈ ਚਾਰਾ ਨਹੀਂ ਹੈ , ਸੋ ਇਸ ਸਮੇਂ ਦੌਰਾਨ ਮੁੱਖ ਮੰਤਰੀ ਵੱਲੋਂ ਹਰ ਲੋੜਵੰਦ ਪਰਿਵਾਰ ਨੂੰ ਰਾਸ਼ਨ ਮਹੁੱਇਆ ਕਰਵਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਸਰਕਾਰ ਵੱਲੋਂ ਭੇਜੀਆਂ 10 ਲੱਖ ਰਾਸ਼ਨ ਕਿੱਟਾਂ ਤੋਂ ਇਲਾਵਾ ਸਮਾਜ ਸੇਵੀ ਲੋਕਾਂ ਵੱਲੋਂ ਆਏ ਰਾਸ਼ਨ ਨੂੰ ਘਰਾਂ ਵਿਚ ਪਹੁੰਚਾਉਣ ਵਾਲੇ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਪ੍ਰਸੰਸਾ ਦੇ ਹੱਕਦਾਰ ਹਨ। ਉਨਾਂ ਕਿਹਾ ਕਿ ਸੰਕਟ ਦੇ ਸਮੇਂ ਇਹ ਸਰਕਾਰੀ ਕਰਮਚਾਰੀ ਹਰ ਲੋੜਵੰਦ ਦਾ ਮਸੀਹਾ ਬਣ ਰਹੇ ਹਨ।

ਉਨਾਂ ਕਿਹਾ ਕਿ ਅੱਜ ਫ਼ਿਕੀ ਫਲੋਅ ਤੇ ਮਾਲੀ ਰਾਮ ਜਿਊਲਰ ਵੱਲੋਂ ਇੰਨਾਂ ਨੂੰ ਸਨਮਾਨ ਦੇਣ ਲਈ ਸ਼ੁਰੂ ਕੀਤਾ ਗਿਆ ਬੈਂਡ ਵੀ ਇਸ ਸਨਮਾਨ ਦਾ ਇਕ ਪ੍ਰਤੀਕ ਹੈ ਅਤੇ ਮੈਂ ਇਸ ਕਾਰਜ ਲਈ ਦੋਵਾਂ ਧਿਰਾਂ ਦਾ ਧੰਨਵਾਦ ਕਰਦਾ ਹਾਂ , ਜੋ ਕਿ ਖ਼ੁਦ ਸਮਾਜ ਸੇਵਾ ਕਰਨ ਦੇ ਨਾਲ-ਨਾਲ ਡਿਊਟੀ ਕਰ ਰਹੇ ਕਰਮੀਆਂ ਦਾ ਹੌਸਲਾ ਵੀ ਵਧਾ ਰਹੇ ਹਨ। ਉਨਾਂ ਕਿਹਾ ਕਿ ਮੈਂ ਦਿਲੋਂ ਅਜਿਹੇ ਕਰਮਚਾਰੀਆਂ ਨੂੰ ਸਲਾਮ ਕਰਦਾ ਹਾਂ। ਇਸ ਮੌਕੇ ਡਿਪਟੀ ਮੇਅਰ ਸ੍ਰੀ ਯੁਨਿਸ ਕੁਮਾਰ , ਸ੍ਰੀ ਵਿਕਾਸ ਸੋਨੀ ਕੌਂਸਲਰ, ਸ੍ਰੀ ਰਾਘਵ ਸੋਨੀ , ਤਾਹਿਰ ਸ਼ਾਹ, ਲਖਵਿੰਦਰ ਸਿੰਘ ਲੱਖਾ, ਸਰਬਜੀਤ ਸਿੰਘ ਲਾਟੀ, ਸੁਰਿੰਦਰ ਕੁਮਾਰ ਛਿੰਦਾ, ਕਮਲਦੀਪ ਸਿੰਘ, ਦਵਾਰਕਾ ਦਾਸ, ਵਿਸ਼ਾਲ ਮਿਸ਼ਰਾ, ਰਵੀ ਕਾਂਤ, ਰਮਨ ਵਿਰਕ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਕੈਪਸ਼ਨ

ਵਿਧਾਨ ਸਭਾ ਹਲਕਾ ਅੰਮ੍ਰਿਤਸਰ ਕੇਂਦਰੀ ਲਈ ਰਾਸ਼ਨ ਦੇ ਬਣੇ 10 ਟਰੱਕ ਰਵਾਨਾ ਕਰਦੇ ਸ੍ਰੀ ਓ ਪੀ ਸੋਨੀ।

==========

**File No.DIPR-PRSS0PRS1(356)/556/2020-DPRO Amritsar**

**I/20123/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕਿਸਾਨ ਕਣਕ ਦੀ ਸਾਂਭ-ਸੰਭਾਲ ਵੇਲੇ ਮੂੰਹ ਢੱਕਣ ਤੇ ਹੱਥਾਂ ਦੀ ਸਫਾਈ ਦਾ ਖਾਸ ਖਿਆਲ ਰੱਖਣ-ਖੇਤੀ ਅਧਿਕਾਰੀ**

ਅੰਮ੍ਰਿਤਸਰ, 24 ਅਪ੍ਰੈਲ ( )-

ਮੁੱਖ ਖੇਤੀਬਾੜੀ ਅਧਿਕਾਰੀ ਸ. ਹਰਿੰਦਰਜੀਤ ਸਿੰਘ ਨੇ ਕੋਵਿਡ 19 ਦੇ ਮੱਦੇਨਜ਼ਰ ਕਿਸਾਨਾਂ ਅਤੇ ਕੰਬਾਈਨ ਆਪ੍ਰੇਟਰਾਂ ਨੂੰ ਸੁਰੱਖਿਅਤ ਢੰਗ ਨਾਲ ਕਣਕ ਦੀ ਸਾਂਭ-ਸੰਭਾਲ ਕਰਨ ਦਾ ਸੁਝਾਅ ਦਿੰਦੇ ਕਿਹਾ ਕਿ ਕੋਰੋਨਾ ਵਾਇਰਸ ਵੱਖ-ਵੱਖ ਸਤਾ ਉਤੇ ਲੰਮੇ ਸਮੇਂ ਤੱਕ ਜੀਵਿਤ ਰਹਿੰਦਾ ਹੈ, ਪਰ ਸਾਬਣ ਅਤੇ ਸੈਨੇਟਾਇਜ਼ਰ ਨਾਲ ਇਹ ਆਸਾਨੀ ਨਾਲ ਖ਼ਤਮ ਹੋ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਹਰ ਵੇਲੇ ਮੂੰਹ ਢੱਕ ਕੇ ਕੰਮ ਕੀਤਾ ਜਾਵੇ , ਕਿਸੇ ਨੂੰ ਹੱਥ ਨਾ ਮਿਲਾਇਆ ਜਾਵੇ ਤੇ ਨਾ ਹੀ ਗਲੇ ਮਿਲਿਆ ਜਾਵੇ। ਇਸ ਤੋਂ ਇਲਾਵਾ ਮੂੰਹ , ਅੱਖ ਤੇ ਨੱਕ ਨੂੰ ਛੂਹਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਹੱਥ ਸਾਬਣ ਤੇ ਪਾਣੀ ਜਾਂ ਸੈਨੇਟਾਈਜ਼ਰ ਨਾਲ ਸਾਫ ਕੀਤੇ ਹੋਣ।

ਉਨਾਂ ਕਿਸਾਨਾਂ ਨੂੰ ਮਜ਼ਦੂਰਾਂ ਤੋਂ ਵਾਢੀ ਕਰਵਾਉਣ ਦੀ ਬਜਾਏ ਮਸ਼ੀਨਾਂ ਨਾਲ ਵਾਢੀ ਕਰਨ ਨੂੰ ਪਹਿਲ ਦੇਣ ਦੀ ਅਪੀਲ ਕਰਦੇ ਕਿਹਾ ਕਿ ਇੱਕ ਮਸ਼ੀਨ ਨਾਲ ਜ਼ਰੂਰਤ ਅਨੁਸਾਰ ਘੱਟ ਤੋਂ ਘੱਟ ਵਿਅਕਤੀ ਹੀ ਲਗਾਏ ਜਾਣ ਅਤੇ ਸਮੇਂ-ਸਮੇਂ ਉਤੇ ਹਰ ਮਸ਼ੀਨ ਨੂੰ ਸੈਨੀਟਾਈਜ ਕੀਤਾ ਜਾਵੇ। ਵਾਢੀ ਦਾ ਕੰਮ ਕਰ ਰਿਹਾ ਹਰ ਵਿਅਕਤੀ ਕੱਪੜੇ ਦਾ ਮਾਸਕ ਜ਼ਰੂਰ ਪਹਿਨੇ ਅਤੇ ਇਸ ਨੂੰ ਸਮੇਂ - ਸਮੇਂ ਤੇ ਨਿਯਮਿਤ ਢੰਗ ਨਾਲ ਧੋਤਾ ਜਾਵੇ।

ਉਨਾਂ ਕਿਹਾ ਕਿ ਖੇਤ ਜਾਂ ਮੰਡੀ ਵਿਚ ਕੰਮ ਕਰਦਾ ਹਰੇਕ ਆਦਮੀ ਹਰ ਸਮੇਂ ਇੱਕ ਦੂਜੇ ਕੋਲੋਂ 1 ਮੀਟਰ ਦੀ ਦੂਰੀ ਬਣਾ ਕੇ ਰੱਖੇ। ਫਸਲ ਨੂੰ ਸਾਫ - ਸਫਾਈ ਲਈ ਛੋਟੇ - ਛੋਟੇ ਢੇਰਾਂ ਵਿਚਕਾਰ 3 - 4 ਫੁੱਟ ਦੀ ਦੂਰੀ ਰੱਖੀ ਜਾਵੇ ਅਤੇ ਇੱਕ ਢੇਰ ਤੇ ਸਿਰਫ 1 - 2 ਲੋਕਾਂ ਨੂੰ ਸਫਾਈ ਕਰਨ ਦਾ ਕੰਮ ਦਿੱਤਾ ਜਾਵੇ। ਇਸ ਤੋਂ ਇਲਾਵਾ ਟਰਾਂਸਪੋਰਟ ਲਈ ਵਰਤੇ ਜਾਣ ਵਾਲੇ ਵਾਹਨ , ਬਾਰਦਾਨਾ ਅਤੇ ਪੈਕਿੰਗ ਦਾ ਹੋਰ ਸਮਾਨ ਵੀ ਸੈਨੀਟਾਈਜ ਕੀਤੇ ਜਾਣ। ਕੰਮ ਕਰਨ ਵਾਲੇ ਸਾਰੇ ਲੋਕਾਂ ਵੱਲੋਂ ਹੱਥਾਂ ਨੂੰ ਸਾਬਣ ਤੇ ਪਾਣੀ ਨਾਲ ਘੱਟੋ - ਘੱਟ 40 ਸੈਕਿੰਡ ਤੱਕ ਧੋਤਾ ਜਾਵੇ , ਹੱਥਾਂ ਦੀਆਂ ਤਲੀਆਂ , ਹੱਥਾਂ ਦਾ ਪਿਛਲਾ ਪਾਸਾ , ਉਂਗਲਾਂ ਤੇ ਅੰਗੂਠੇ ਦੇ ਵਿਚਕਾਰ ਦੀ ਜਗਾ ਤੇ ਗੁੱਟਾਂ ਨੂੰ ਚੰਗੀ ਤਰਾਂ ਰਗੜ ਕੇ ਸਾਫ਼ ਕੀਤਾ ਜਾਵੇ। ਜੇਕਰ ਸੈਨੀਟਾਈਜਰ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਘੱਟੋ - ਘੱਟ 3 ਐਮਐਲ ਸੈਨੀਟਾਈਜ਼ਰ ਸੁੱਕੇ ਹੱਥਾਂ ਤੇ ਲਗਾਓ ਅਤੇ ਘੱਟੋ - ਘੱਟ 30 ਸੈਕਿੰਡ ਤੱਕ ਮਲੋ। ਜੇਕਰ ਹੱਥ ਸਾਫ਼ ਦਿਖਾਈ ਦੇ ਰਹੇ ਹੋਣ ਤਾਂ ਵੀ ਸੈਨੀਟਾਈਜ਼ ਕਰੋ।

==========

**File No.DIPR-PRSS0PRS1(356)/556/2020-DPRO Amritsar**

**I/20126/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**'ਹੌਟ ਸਪਾਟ' ਇਲਾਕਿਆਂ ਵਿਚ ਡੈਂਟਲ ਡਾਕਟਰ ਲੈ ਰਹੇ ਹਨ ਸ਼ੱਕੀ ਮਰੀਜ਼ਾਂ ਦੇ ਨਮੂਨੇ**

**ਜਿਲੇ ਭਰ ਵਿਚ 25 ਡਾਕਟਰ ਕੋਰੋਨਾ ਵਿਰੁੱਧ ਮੋਰਚੇ ਉਤੇ ਡਟੇ**

ਅੰਮ੍ਰਿਤਸਰ, 24 ਅਪ੍ਰੈਲ ( )-

ਦੰਦਾਂ ਦੇ ਡਾਕਟਰ ਜਿਲੇ ਭਰ ਵਿਚ ਕੋਵਿਡ 19 ਵਿਰੁੱਧ ਲੜੀ ਜਾ ਰਹੀ ਜੰਗ ਵਿਚ ਪਹਿਲੇ ਮੋਰਚੇ ਉਤੇ ਡਟੇ ਹੋਏ ਹਨ ਅਤੇ ਉਨਾਂ ਵੱਲੋਂ ਕੀਤੇ ਗਏ ਕੰਮ ਤੋਂ ਹੀ ਇਸ ਬਿਮਾਰੀ ਦਾ ਇਲਾਜ ਸ਼ੁਰੂ ਹੁੰਦਾ ਹੈ , ਕਿਉਂਕਿ ਪਹਿਲਾਂ ਟੈਸਟ ਜੋ ਕਿ ਸ਼ੱਕੀ ਮਰੀਜ਼ ਦੇ ਗਲੇ ਜਾਂ ਨੱਕ ਵਿਚੋਂ ਲਿਆ ਜਾਂਦਾ ਹੈ , ਇਨਾਂ ਡਾਕਟਰਾਂ ਵੱਲੋਂ ਹੀ ਲਿਆ ਜਾਂਦਾ ਹੈ। ਇਹ ਪ੍ਰਗਟਾਵਾ ਕਰਦੇ ਡਿਪਟੀ ਡਾਇਰੈਕਟਰ ਡੈਂਟਰ ਸ੍ਰੀਮਤੀ ਸ਼ਰਨਜੀਤ ਕੌਰ ਨੇ ਦੱਸਿਆ ਕਿ ਸਾਰੇ ਜਿਲੇ ਵਿਚ ਉਨਾਂ ਦੇ ਵਿਭਾਗ ਦੇ 25 ਡਾਕਟਰ ਤੇ ਪੈਰਾ ਮੈਡੀਕਲ ਸਟਾਫ ਕੋਵਿਡ 19 ਟੈਸਟ ਲਈ ਨਮੂਨੇ ਲੈਣ ਦੀ ਜ਼ਿੰਮੇਵਾਰੀ ਨਿਭਾਅ ਰਿਹਾ ਹੈ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਜਿਸ ਵੀ ਇਲਾਕੇ ਵਿਚ ਕੋਵਿਡ 19 ਦਾ ਮਰੀਜ਼ ਮਿਲਦਾ ਹੈ , ਉਥੇ ਵੀ ਸਾਡੀ ਟੀਮ ਜਾ ਕੇ ਇਲਾਕਾ ਵਾਸੀਆਂ ਦੇ ਨਮੂਨੇ ਲੈਂਦੀ ਹੈ, ਜੋ ਕਿ ਕਠਿਨ ਮਿਹਨਤ ਤੇ ਜੋਖਮ ਵਾਲਾ ਕੰਮ ਹੈ। ਉਨਾਂ ਦੱਸਿਆ ਕਿ ਕੱਲ ਕ੍ਰਿਸ਼ਨਾ ਨਗਰ ਦੇ ਇਲਾਕੇ , ਜਿੱਥੇ ਕਿ 2 ਮਰੀਜ਼ ਮਿਲੇ ਸਨ , ਵਿਚ ਮੈਂ ਆਪਣੇ ਦੋ ਡਾਕਟਰਾਂ ਡਾ. ਸ਼ੌਰਭ ਜੌਲੀ ਅਤੇ ਡਾ. ਸਿਮਰਨਜੀਤ ਸਿੰਘ ਨਾਲ ਮੌਕੇ ਉਤੇ ਜਾ ਕੇ ਇਕ ਪਾਰਕ ਵਿਚ ਸਾਰੇ ਲੋਕਾਂ ਨੂੰ ਬੁਲਾ ਕੇ ਸਾਢੇ ਤਿੰਨ ਘੰਟਿਆਂ ਵਿਚ 236 ਨਮੂਨੇ ਲਏ। ਡਾ. ਸ਼ਰਨਜੀਤ ਕੌਰ ਨੇ ਦੱਸਿਆ ਕਿ ਅਜਿਹੇ ਥਾਵਾਂ ਉਤੇ ਹਲਾਤ ਇਹ ਹੁੰਦੇ ਹਨ ਕਿ ਨਾ ਤਾਂ ਬੈਠਣ ਨੂੰ ਕੋਈ ਕੁਰਸੀ ਹੁੰਦੀ ਹੈ ਅਤੇ ਨਾ ਹੀ ਪੱਖਾ। ਉਨਾਂ ਦੱਸਿਆ ਕਿ ਭਰ ਗਰਮੀ ਵਿਚ ਸਾਡੀ ਟੀਮ ਨੇ ਪੀ. ਪੀ. ਈ. ਕਿੱਟਾਂ ਪਾ ਕੇ ਲਗਾਤਾਰ ਕੰਮ ਕਰਕੇ ਲੋਕਾਂ ਨੂੰ ਇਕ ਪਾਰਕ ਵਿਚ ਸੱਦ ਕੇ ਇਹ ਨਮੂਨੇ ਲਏ , ਜੋ ਕਿ ਜਾਂਚ ਲਈ ਭੇਜੇ ਜਾ ਚੁੱਕੇ ਹਨ ਅਤੇ ਇਸ ਰਿਪੋਰਟ ਤੋਂ ਬਾਅਦ ਹੀ ਇਲਾਜ ਲਈ ਗੱਲ ਚੱਲਣੀ ਹੈ।

ਇਸ ਮੌਕੇ ਪ੍ਰਿੰਸੀਪਲ ਸਰਕਾਰੀ ਡੈਂਟਲ ਕਾਲਜ ਡਾ. ਜੀਵਨ ਲਤਾ ਨੇ ਦੱਸਿਆ ਕਿ ਦੰਦਾਂ ਦਾ ਇਲਾਜ ਮੂੰਹ ਖੋਲ ਕੇ ਹੀ ਕੀਤਾ ਜਾ ਸਕਦਾ ਹੈ , ਜੋ ਕਿ ਇੰਨਾਂ ਹਲਾਤਾਂ ਵਿਚ ਸੰਭਵ ਨਹੀਂ , ਸੋ ਸਾਡੇ ਸਾਰੇ ਡਾਕਟਰ ਕੋਵਿਡ 19 ਵਿਰੁੱਧ ਨਮੂਨੇ ਲੈਣ ਤੋਂ ਲੈ ਕੇ ਆਈਸੋਲੇਸ਼ਨ ਵਾਰਡ ਤੱਕ ਸਾਡੇ ਡਾਕਟਰ ਕੰਮ ਕਰ ਰਹੇ ਹਨ। ਵਿਭਾਗ ਦੇ ਐਸੋਸੀਏਸਟ ਪ੍ਰੋਫੈਸਰ ਡਾ. ਨਿਤਿਨ ਵਰਮਾ ਨੇ ਵੀ ਦੰਦਾਂ ਦੇ ਸਰਜਨ ਅਤੇ ਡਾਕਟਰਾਂ ਵੱਲੋਂ ਇਸ ਮੌਕੇ ਦੇਸ਼ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਦੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਭਾਗ ਦੇ ਡਾਕਟਰ ਕੋਵਿਡ 19 ਵਿਰੁੱਧ ਮੈਦਾਨ ਵਿਚ ਹਨ।

ਕੈਪਸ਼ਨ- ਕ੍ਰਿਸ਼ਨਾ ਨਗਰ ਵਿਚ ਦੰਦਾਂ ਦੇ ਡਾਕਟਰਾਂ ਨਾਲ ਲੋਕਾਂ ਦੇ ਨਮੂਨੇ ਲੈਂਦੇ ਡਾ. ਸ਼ਰਨਜੀਤ ਕੌਰ ਡਿਪਟੀ ਡਾਇਰੈਕਟਰ ਡੈਂਟਲ।

===========

**File No.DIPR-PRSS0PRS1(356)/556/2020-DPRO Amritsar**

**I/20127/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਕੋਵਿਡ 19 ਵਿਰੁੱਧ ਮੈਦਾਨ ਵਿਚ ਡਟੇ ਕਰਮਚਾਰੀਆਂ ਨੂੰ ਸਲਾਮ ਕਰੇਗਾ ਫ਼ਿਕੀ ਦਾ ਬੈਂਡ**

ਅੰਮ੍ਰਿਤਸਰ, 24 ਅਪ੍ਰੈਲ ( )-

ਕੋਵਿਡ 19 ਮਹਾਂਮਾਰੀ ਦੌਰਾਨ ਜ਼ਰੂਰੀ ਸੇਵਾਵਾਂ ਦੇਣ ਵਾਲੇ ਹਰੇਕ ਵਿਭਾਗ , ਜਿਸ ਵਿਚ ਪੁਲਿਸ , ਪ੍ਰਸ਼ਾਸ਼ਨ, ਡਾਕਟਰ, ਸਫਾਈ ਕਰਮਚਾਰੀ , ਪੈਰਾ ਮੈਡੀਕਲ ਸਟਾਫ , ਬਿਜਲੀ, ਟੈਲੀਫੋਨ ਸੇਵਾਵਾਂ ਦੇਣ ਦੇ ਨਾਲ-ਨਾਲ ਕਰਿਆਨਾ , ਸਬਜੀ, ਫਲ ਤੇ ਹੋਰ ਜ਼ਰੂਰੀ ਸੇਵਾਵਾਂ ਘਰ-ਘਰ ਪਹੁੰਚਾਉਣ ਵਾਲੇ ਲੋਕਾਂ ਦੀ ਹੌਸਲਾ ਅਫਜ਼ਾਈ ਲਈ ਅੱਜ 'ਫਿਕੀ ਫਲੋਅ' ਅਤੇ ਮਾਲੀ ਰਾਮ ਜਿਊਲਰ ਨੇ ਬੈਂਡ ਦੇ ਰੂਪ ਵਿਚ 'ਵੀਲ ਆਫ ਹੋਪ' ਨਾਮ ਦੀ ਯਾਤਰਾ ਜਿਲੇ ਵਿਚ ਸ਼ੁਰੂ ਕੀਤੀ ਹੈ। ਅੱਜ ਰੈਡ ਕਰਾਸ ਭਵਨ ਜਿੱਥੇ ਕਿ ਕੋਰੋਨਾ ਵਿਰੁੱਧ ਮੁੱਖ ਕੰਟਰੋਲ ਰੂਮ ਕੰਮ ਕਰ ਰਿਹਾ ਹੈ ਅਤੇ ਇਥੋਂ ਹੀ ਸਾਰੇ ਲੋੜਵੰਦ ਲੋਕਾਂ ਤੱਕ ਰਾਹਤ ਦੇਣ ਦੀ ਯੋਜਨਾਬੰਦੀ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਚੱਲਦੀ ਹੈ , ਵਿਖੇ ਇਹ ਬੈਂਡ ਕੰਮ ਵਿਚ ਲੱਗੇ ਅਧਿਕਾਰੀ ਤੇ ਕਰਮਚਾਰੀਆਂ ਨੂੰ ਸਲਾਮ ਕਰਨ ਲਈ ਪੁੱਜਾ। ਇਸ ਮੌਕੇ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ , ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ , ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਕਮਿਸ਼ਨਰ ਕਾਰਪੋਰੇਸ਼ਨ ਸ੍ਰੀਮਤੀ ਕੋਮਲ ਮਿਤਲ , ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਪਲਵੀ ਚੌਧਰੀ , ਸਹਾਇਕ ਕਮਿਸ਼ਨਰ ਸ. ਅੰਕੁਰਜੀਤ ਸਿੰਘ , ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਸ. ਢਿੱਲੋਂ ਨੇ ਫ਼ਿਕੀ ਫਲੋਅ ਵੱਲੋਂ ਸ਼ੁਰੂ ਕੀਤੇ ਇਸ ਮੋਬਾਈਲ ਬੈਂਡ ਲਈ ਧੰਨਵਾਦ ਕਰਦੇ ਕਿਹਾ ਕਿ ਇਹ ਜੰਗ ਵਿਚ ਡਟੇ ਹਰੇਕ ਕਰਮਚਾਰੀ ਦਾ ਹੌਸਲਾ ਵਧਾਏਗਾ ਅਤੇ ਉਸ ਨੂੰ ਇਹ ਮਹਿਸੂਸ ਹੋਵੇਗਾ ਉਸਦੇ ਜਿਲਾ ਵਾਸੀ ਉਸ ਨਾਲ ਹੀ ਖੜੇ ਹਨ। ਉਨਾਂ ਦੱਸਿਆ ਕਿ ਇਹ ਬੈਂਡ ਜਿਲੇ ਭਰ ਵਿਚ ਆਪਣੀ ਯਾਤਰਾ ਜਾਰੀ ਰੱਖਕੇ ਮੁਹਾਜ਼ ਉਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਸਲਾਮ ਕਰੇਗਾ, ਜੋ ਕਿ ਇਕ ਸਲਾਹੁਣਯੋਗ ਉਦਮ ਹੈ।

ਕੈਪਸ਼ਨ

ਫ਼ਿਕੀ ਫਲੋਅ ਵੱਲੋਂ ਸ਼ੁਰੂ ਕੀਤਾ ਗਏ ਬੈਂਡ ਮੌਕੇ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿਲੋਂ , ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਅਤੇ ਡਾ. ਹਿਮਾਂਸ਼ੂ ਅਗਰਵਾਲ।

=========

**File No.DIPR-PRSS0PRS1(356)/556/2020-DPRO Amritsar**

**I/20135/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਬਿਹਾਰ ਤੇ ਮੱਧ ਪ੍ਰਦੇਸ਼ ਸਰਕਾਰ ਦੇ ਪੰਜਾਬ ਵਿਚ ਫਸੇ ਲੋਕ**

**ਸਹਾਇਤਾ ਲਈ ਆਨ ਲਾਇਨ ਅਪਲਾਈ ਕਰਨ-ਡਿਪਟੀ ਕਮਿਸ਼ਨਰ**

ਅੰਮ੍ਰਿਤਸਰ, 24 ਅਪ੍ਰੈਲ ( )-

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਬਿਹਾਰ ਅਤੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਲਾਕਡਾਊਨ ਦੌਰਾਨ ਦੂਜੇ ਰਾਜਾਂ ਵਿੱਚ ਫਸੇ ਬਿਹਾਰ ਰਾਜ ਨਾਲ ਸਬੰਧਤ ਮਜਦੂਰ ਪਰਿਵਾਰਾਂ ਅਤੇ ਹੋਰ ਜ਼ਰੂਰਤਮੰਦ ਵਿਅਕਤੀਆਂ ਦੇ ਖਾਤਿਆਂ ਵਿੱਚ 1000/- ਰੁਪਏ ਦੀ ਰਾਸ਼ੀ ਪਾਈ ਜਾਵੇਗੀ।

ਡਿਪਟੀ ਕਮਿਸ਼ਨਰ ਸ. ਢਿੱਲੋਂ ਨੇ ਦੱਸਿਆ ਕਿ ਇਸ ਸਬੰਧੀ ਬਿਹਾਰ ਸਰਕਾਰ ਵੱਲੋਂ ਵੈੱਬਸਾਈਟ www.aapda.bih.nic.in ਜਾਰੀ ਕੀਤੀ ਹੈ ਜਿਸ ਤੇ ਲਾਭਪਾਤਰੀ ਖੁਦ ਨੂੰ ਰਜਿਸਟਰਡ ਕਰ ਕੇ ਇਸ ਦਾ ਲਾਹਾ ਲੈ ਸਕਦੇ ਹਨ।

ਉਨਾਂ ਨੇ ਦੱਸਿਆ ਕਿ ਇਹ ਸਕੀਮ ਸਿਰਫ ਬਿਹਾਰ ਦੇ ਉਨਾਂ ਵਸਨੀਕਾਂ ਲਈ ਹੈ ਜੋ ਕੋਰੋਨਾ ਵਾਇਰਸ ਕਾਰਨ ਦੂਜੇ ਰਾਜਾਂ ਵਿੱਚ ਫਸੇ ਹੋਏ ਹਨ।

ਉਨਾਂ ਦੱਸਿਆ ਕਿ ਇਸ ਸਬੰਧੀ ਜਰੂਰੀ ਦਸਤਾਵੇਜ ਜਿਵੇਂ ਲਾਭਪਾਤਰੀ ਦਾ ਅਧਾਰ ਕਾਰਡ , ਬੈਂਕ ਦਾ ਖਾਤਾ ਨੰਬਰ ਜਿਸ ਦੀ ਬਰਾਂਚ ਬਿਹਾਰ ਰਾਜ ਵਿੱਚ ਹੋਵੇ। ਇਸ ਤੋਂ ਇਲਾਵਾ ਇਕ ਸਾਫ ਤਸਵੀਰ (ਸੈਲਫੀ) ਜੋ ਅਧਾਰ ਕਾਰਡ ਨਾਲ ਮੇਲ ਖਾਂਦੀ ਹੋਵੇ , ਇੱਕ ਅਧਾਰ ਨੰਬਰ ਉਤੇ ਇੱਕ ਹੀ ਰਜਿਸਟ੍ਰੇਸ਼ਨ ਕੀਤੀ ਜਾਵੇ। ਇਸ ਲਈ ਮੋਬਾਇਲ ਨੰਬਰ 'ਤੇ ਪ੍ਰਾਪਤ ਓਟੀਪੀ ਦੀ ਮੋਬਾਇਲ ਐਪ ਉਤੇ ਵਰਤੋਂ ਕੀਤੀ ਜਾ ਸਕੇਗੀ। ਉਨਾਂ ਦੱਸਿਆ ਕਿ ਰਾਸ਼ੀ ਸਿੱਧੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਹੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਬਿਹਾਰ ਭਵਨ ਨਵੀਂ ਦਿੱਲੀ ਵਿਖੇ ਹੈਲਪਲਾਈਨ ਨੰਬਰ 011-23792009, 23014326 ਅਤੇ 23013884 ਵੀ ਸਥਾਪਿਤ ਕੀਤੇ ਗਏ ਹਨ । ਇਸ ਤੋਂ ਇਲਾਵਾ ਪਟਨਾ ਕੰਟਰੋਲ ਰੂਮ ਨੰਬਰ 0612-2294204, 2294205 ਵੀ ਸਥਾਪਿਤ ਕੀਤੇ ਗਏ ਹਨ। ਇਸੇ ਤਰਾਂ ਮੱਧ ਪ੍ਰਦੇਸ਼ ਰਾਜ ਦੇ ਵਾਸੀ ਫੋਨ ਨੰਬਰ 0755-2411180 ਉਤੇ ਫੋਨ ਕਰਕੇ ਕਿਸੇ ਵੀ ਤਰਾਂ ਦੀ ਸਹਾਇਤਾ ਲੈ ਸਕਦੇ ਹਨ।

===========

**File No.DIPR-PRSS0PRS1(356)/556/2020-DPRO Amritsar**

**I/20169/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

**ਜ਼ਿਲੇ ਦੀਆਂ ਮੰਡੀਆਂ ਵਿਚੋਂ 18 ਹਜ਼ਾਰ ਮੀਟਰਕ ਟਨ ਕਣਕ ਦੀ ਖਰੀਦ ਕੀਤੀ-ਸਰਕਾਰੀਆ**

**ਸਰਕਾਰ ਕਿਸਾਨ ਦੀ ਫਸਲ ਦਾ ਦਾਣਾ-ਦਾਣਾ ਚੁੱਕੇਗੀ, ਕਿਸਾਨ ਕਾਹਲ ਨਾ ਕਰਨ**

ਅੰਮ੍ਰਿਤਸਰ, 24 ਅਪ੍ਰੈਲ ( )-

ਕਣਕ ਦੀ ਖਰੀਦ ਦੇ ਨੋਵੇਂ ਦਿਨ ਤੱਕ ਜ਼ਿਲੇ ਦੀਆਂ ਮੰਡੀਆਂ ਵਿਚ 17868 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਜਾ ਚੁੱਕੀ ਹੈ , ਜਿਸ ਵਿਚੋਂ ਜ਼ਿਆਦਾਤਰ ਸਰਕਾਰੀ ਏਜੰਸੀਆਂ ਵੱਲੋਂ ਹੀ ਕੀਤੀ ਗਈ ਹੈ। ਉਕਤ ਪ੍ਰਗਟਾਵਾ ਕਰਦੇ ਸ਼ਹਿਰੀ ਵਿਕਾਸ ਮੰਤਰੀ ਸ. ਸੁਖਬਿੰਦਰ ਸਿੰਘ ਸਰਕਾਰੀਆ ਨੇ ਦੱਸਿਆ ਕਿ ਮੌਸਮ ਦੀ ਤਬਦੀਲੀ ਕਾਰਨ ਅਤੇ ਕਣਕ ਪਛੇਤੀ ਲੱਗੀ ਹੋਣ ਕਾਰਨ ਅਜੇ ਮੰਡੀਆਂ ਵਿਚ ਕਣਕ ਦਾ ਆਮਦ ਮੱਠੀ ਚੱਲ ਰਹੀ ਹੈ। ਉਨਾਂ ਦੱਸਿਆ ਕਿ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਗਏ ਪ੍ਰਬੰਧਾਂ ਅਨੁਸਾਰ ਅਜੇ ਤੱਕ ਕੋਈ ਮੁਸ਼ਿਕਲ ਕਿਸਾਨਾਂ ਜਾਂ ਮਜ਼ਦੂਰਾਂ ਨੂੰ ਨਹੀਂ ਆਈ ਅਤੇ ਨਾ ਹੀ ਆਉਣ ਦਿੱਤੀ ਜਾਵੇਗੀ। ਅੱਜ ਰਾਜਾਸਾਂਸੀ ਹਲਕੇ ਦੀਆਂ ਦਾਣਾ ਮੰਡੀਆਂ ਦੇ ਦੌਰੇ ਦੌਰਾਨ ਉਨਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਤੁਹਾਡੀ ਫਸਲ ਦਾ ਇਕ-ਇਕ ਦਾਣਾ ਸਰਕਾਰ ਖਰੀਦੇਗੀ, ਤੁਸੀਂ ਕਾਹਲੀ ਨਹੀਂ ਕਰਨੀ ਤੇ ਆਪਣੀ ਵਾਰੀ ਨਾਲ ਕੂਪਨ ਉਤੇ ਕਣਕ ਮੰਡੀ ਲੈ ਕੇ ਆਉਣੀ ਹੈ। ਇਸ ਦੇ ਨਾਲ-ਨਾਲ ਉਨਾਂ ਕਿਸਾਨਾਂ , ਮਜ਼ਦੂਰਾਂ ਨੂੰ ਆਪਸੀ ਦੂਰੀ ਬਣਾਈ ਰੱਖਣ ਤੇ ਹੱਥ ਚੰਗੀ ਤਰਾਂ ਧੋਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਜਿਲਾ ਖੁਰਾਕ ਸਪਲਾਈ ਕੰਟਰੋਲਰ ਸ. ਲਖਵਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਮੰਡੀਆਂ ਵਿਚ 18102 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ , ਜਿਸ ਵਿਚੋਂ 17868 ਮੀਟਰਕ ਟਨ ਦੀ ਖਰੀਦ ਸਰਕਾਰੀ ਏਜੰਸੀਆਂ ਦੁਆਰਾ ਕੀਤੀ ਗਈ ਹੈ। ਇਸ ਵਿਚੋਂ ਪਨਗ੍ਰੇਨ ਵੱਲੋਂ 4754 ਮੀਟ੍ਰਿਕ ਟਨ , ਮਾਰਕਫੈੱਡ ਵੱਲੋਂ 6077 ਮੀਟ੍ਰਿਕ ਟਨ, ਪਨਸਪ ਵੱਲੋਂ 2034 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 3207 ਮੀਟ੍ਰਿਕ ਟਨ ਅਤੇ ਕੇਂਦਰ ਸਰਕਾਰ ਦੀ ਏਜੰਸੀ ਐਫ.ਸੀ.ਆਈ. ਵੱਲੋਂ 1796 ਮੀਟ੍ਰਿਕ ਟਨ ਕਣਕ ਖ਼ਰੀਦੀ ਕੀਤੀ ਜਾ ਚੁੱਕੀ ਹੈ।

ਇਸ ਤੋਂ ਇਲਾਵਾ ਪਨਗ੍ਰੇਨ ਵਲੋਂ ਪੰਜਾਬ ਵਿੱਚ ਜਨਤਕ ਵੰਡ ਲਈ 51189 ਮੀਟ੍ਰਿਕ ਟਨ ਕਣਕ ਵੀ ਖਰੀਦੀ ਗਈ ਹੈ। ਉਨਾਂ ਦੱਸਿਆ ਕਿ ਕਣਕ ਦੀ ਚੁਕਾਈ ਦਾ ਕੰਮ ਵੀ ਨਾਲੋ-ਨਾਲ ਜਾਰੀ ਹੈ ਅਤੇ ਹੁਣ ਤੱਕ ਖਰੀਦ ਕੀਤੀ ਕਣਕ ਵਿਚੋਂ ਕਰੀਬ 55 ਪ੍ਰਤੀਸ਼ਤ ਕਣਕ ਮੰਡੀਆਂ ਵਿਚੋਂ ਵੇਅਰ ਹਾਊਸ ਵਿਚ ਜਾ ਚੁੱਕੀ ਹੈ।

ਕੈਪਸ਼ਨ

ਦਾਣਾ ਮੰਡੀ ਰਾਜਾਸਾਂਸੀ ਦੇ ਦੌਰੇ ਦੌਰਾਨ ਸ਼ਹਿਰੀ ਵਿਕਾਸ ਮੰਤਰੀ ਸ. ਸੁਖਬਿੰਦਰ ਸਿੰਘ ਸਰਕਾਰੀਆ।

=========